Scottish
Court Service

# ਹਾਈ ਕੋਰਟ, ਕੋਰਟ ਆਫ ਸੈਸ਼ਨ, ਸ਼ੈਰਿਫ ਕੋਰਟ ਜਾਂ ਜਸਟਿਸ ਆਫ ਦਾ ਪੀਸ ਕੋਰਟ ਵਿੱਖੇ ਹਾਜ਼ਰ ਹੋਣ ਸਮੇਂ ਕਿਰਪਾਨ ਪਹਿਨਣ ਲਈ ਸੇਧ

1. ਕਿਰਪਾਨ ਧਾਰਮਿਕ ਕਾਰਨਾਂ ਕਰਕੇ ਫੌਜਦਾਰੀ ਕਾਨੂੰਨ (ਸੰਚਿਤ) (ਸਕੌਟਲੈਂਡ) ਕਾਨੂੰਨ 1995 ਦੀ ਧਾਰਾ 49(4) (Section 49(4) of the Criminal Law (consolidation)(Scotland) Act 1995) ਅਧੀਨ ਪਹਿਨੀ ਜਾ ਸਕਦੀ ਹੈ।
2. ਸਕੌਟਿਸ਼ ਕੋਰਟ ਸਰਵਿਸ (Scottish Court Service) ਵਿੱਚ ਕੰਮ ਕਰਨ ਵਾਲਿਆਂ ਨੂੰ ਕਿਰਪਾਨ ਦੀ ਮਹੱਤਤਾ ਅਤੇ ਇਸ ਸੇਧ ਦੇ ਕਾਰਨਾਂ ਬਾਰੇ ਜਾਣੂ ਹੋਣਾ ਲਾਜ਼ਮੀ ਹੈ।
3. ਸਥਾਨਿਕ ਗੁਰਦੁਆਰਾ ਅਮ੍ਰਿਤ ਧਾਰੀ ਸਿੱਖਾਂ ਨੂੰ ਅਦਾਲਤ ਵਿੱਚ ਹਾਜ਼ਰ ਹੋਣ ਸਮੇਂ ਕਿਰਪਾਨ ਪਹਿਨਣ ਸੰਬੰਧੀ ਸਕੌਟਿਸ਼ ਕੋਰਟ ਸਰਵਿਸ ਦੀ ਸੇਧ ਬਾਰੇ ਜਾਣੂ ਕਰਾਵੇਗਾ; ਗੁਰਦੁਆਰਿਆਂ ਲਈ ਜਾਣਕਾਰੀ ਕਾਰਡ ਅਤੇ ਇਸ਼ਤਿਹਾਰ ਸਕੌਟਿਸ਼ ਕੋਰਟ ਸਰਵਿਸ ਵੱਲੋਂ ਪ੍ਰਦਾਨ ਕੀਤੇ ਜਾਣਗੇ।
4. ਅਦਾਲਤ ਵਿੱਚ ਹਾਜ਼ਰ ਹੋਣ ਵਾਲੇ ਸਿੱਖਾਂ ਨੂੰ ਅਦਾਲਤ ਵਿੱਚ ਹਾਜ਼ਰ ਹੋਣ ਤੋਂ ਘੱਟੋ ਘੱਟ 24 ਘੰਟੇ ਪਹਿਲਾਂ ਜਾਣਕਾਰੀ ਦੇਣ ਲਈ ਕਿ ਉਹ ਅਮ੍ਰਿਤ ਛੱਕ ਕੇ ਖ਼ਾਲਸੇ ਵਿੱਚ ਸ਼ਾਮਲ ਹੋ ਗਏ ਹਨ ਅਤੇ ਇਸ ਕਰਕੇ ਉਨ੍ਹਾਂ ਨੂੰ ਹਰ ਸਮੇਂ ਕਿਰਪਾਨ ਪਹਿਨਣ ਦਾ ਅਧਿਕਾਰ ਪ੍ਰਾਪਤ ਹੋ ਗਿਆ ਹੈ। ਜਿਥੇ ਅਗੇਤਰਾ ਜਾਣਕਾਰੀ ਦੇਣੀ ਸੰਭਵ ਨਾ ਹੋਵੇ ਤਾਂ ਅਦਾਲਤ ਵਿੱਚ ਪਹੁੰਚਣ ਤੇ ਅਦਾਲਤ ਦੇ ਅਧਿਕਾਰੀਆਂ ਨੂੰ ਤੁਰੰਤ ਇਤਲਾਹ ਦੇਣੀ ਚਾਹੀਦੀ ਹੈ।
5. ਅਦਾਲਤ ਵਿੱਚ ਅਤੇ ਅਦਾਲਤ ਦੇ ਇਰਦ ਗਿਰਦ ਥਾਂ ਅੰਦਰ ਕਿਰਪਾਨ ਹਰ ਸਮੇਂ ਮਿਆਨ ਵਿੱਚ ਅਤੇ ਓਹਲੇ ਕਰਕੇ ਪਹਿਨਣੀ ਲਾਜ਼ਮੀ ਹੈ।

ਸਤਿਕਾਰਯੋਗ ਲੌਰਡ ਜਸਟਿਸ ਕਲਾਰਕ ਰਟ: ਹ ਨ ਲੌਰਡ ਕਾਰਲੋਵੇ ........................

ਸ਼ਰਦਰ ਜੀਤ ਸਿੰਘ, ਜੀਜੀਸੀ (ਸਕੌਟਿਸ਼ ਸੀਖਸ ਔਫ ਸਕੌਟਲੈਂਡ) ........................

ਸਰਦਾਰ ਸੁਰਜੀਤ ਸਿੰਘ ਚੌਧਰੀ, ਜੀਜੀਸੀ (ਸਕੌਟਿਸ਼ ਸੀਖਸ ਔਫ ਸਕੌਟਲੈਂਡ) ........................

ਸਰਦਾਰ ਗੁਰਚਰਨ ਸਿੱਘ, ਪ੍ਰਧਾਨ ਔਡਿੰਬਰਾ ਗੁਰਦੁਆਰਾ ਕਮੇਟੀ ........................

ਸਰਦਾਰ ਵਿਜੇ ਸਿੰਘ, ਪ੍ਰਧਾਨ ਔਡਿੰਬਰਾ ਗੁਰਦੁਆਰਾ ........................